# ਫ਼ਲੂਕਾਨੇਜ਼ੋਲ FLUCONAZOLE

- ਇਸ ਨੂੰ ਡਿਫ਼ਲੂਕਾਨ ਵੀ ਕਹਿੰਦੇ ਹਨ।
- ਇਹ ਦਵਾਈ 50, 100, 150 ਮਿ.ਗ੍ਰਾਮ ਦੀਆਂ ਖਾਣ ਲਈ ਗੋਲੀਆਂ ਜਾਂ ਪੀਣ ਲਈ ਤਰਲ ਜਾਂ ਨਾੜ ਵਿਚ ਲਗਾਉਣ ਲਈ ਟੀਕੇ ਦੇ ਰੂਪ ਵਿਚ ਮਿਲਦੀ ਹੈ।
- ਇਹ ਦਵਾਈ ਬੀ.ਸੀ. ਟ੍ਰਾਂਸਪਲਾਂਟ ਵੱਲੋਂ ਨਹੀਂ ਮਿਲਦੀ ਅਤੇ ਤੁਸੀਂ ਆਪਣੀ ਪਸੰਦ ਦੀ ਫਾਰਮੇਸੀ ਤੋਂ ਖ਼ਰੀਦ ਸਕਦੇ ਹੋ।

## ਇਹ ਦਵਾਈ ਕਿਹੋ ਜਿਹੀ* ਨਜ਼ਰ ਆਉਂਦੀ ਹੈ? What does the medication look like*?

ਇਸ ਦਵਾਈ ਦੇ ਕਈ ਬ੍ਰਾਂਡ ਹਨ ਅਤੇ ਹੋ ਸਕਦਾ ਹੈ ਕਿ ਤੁਹਾਡੀ ਦਵਾਈ ਹੇਠਾਂ ਦਿਖਾਏ ਚਿਤਰ ਜਿਹੀ ਨਾ ਹੋਵੇ। ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ ਤਾਂ ਆਪਣੇ ਟ੍ਰਾਂਸਪਲਾਂਟ ਫਾਰਮਾਸਿਸਟ ਨੂੰ ਪੁਛੋ।

| ਫ਼ਲੂਕਾਨੇਜ਼ੋਲ 50 ਮਿ.ਗ੍ਰਾਮ ਦੀ ਗੋਲੀ | ਫ਼ਲੂਕਾਨੇਜ਼ੋਲ 100 ਮਿ.ਗ੍ਰਾਮ ਦੀ ਗੋਲੀ | ਫ਼ਲੂਕਾਨੇਜ਼ੋਲ 150 ਮਿ.ਗ੍ਰਾਮ ਦੀ ਗੋਲੀ |
|---|---|---|
|  |  |  |

## ਇਹ ਦਵਾਈ ਕਿਸ ਲਈ ਹੈ? What is this medication for?

ਫ਼ਲੂਕਾਨੇਜ਼ੋਲ ਐਂਟੀ ਫੰਗਲ ਦਵਾਈ ਹੈ, ਜਿਸ ਦੀ ਵਰਤੋਂ ਕੁੱਝ ਕਿਸਮ ਦੀ ਫ਼ੰਗਸ (ਉੱਲੀ) ਦੇ ਇਲਾਜ ਲਈ ਕੀਤੀ ਜਾਂਦੀ ਹੈ।

## ਮੈਂ ਇਹ ਦਵਾਈ ਕਿਵੇਂ ਲਵਾਂ? How should I take this medication?

| | |
|---|---|
| ਇਹ ਦਵਾਈ **ਦਿਨ ਵਿਚ ਇੱਕ ਵਾਰ** ਲਵੋ (ਮਿਸਾਲ ਲਈ 9 ਵਜੇ ਸੁਭਾ) | ਤੁਹਾਡੀ ਦਵਾਈ ਦਾ ਸਮਾਂ: ____________________ |

- ਇਹ ਦਵਾਈ ਖਾਣੇ ਦੇ ਨਾਲ ਜਾਂ ਖਾਣੇ ਤੋਂ ਬਿਨਾਂ ਲਈ ਜਾ ਸਕਦੀ ਹੈ।
- ਇਹ ਦਵਾਈ ਦਿਨੇ ਕਿਸੇ ਸਮੇਂ ਲਈ ਜਾ ਸਕਦੀ ਹੈ ਅਤੇ ਹੋਰ ਦਵਾਈਆਂ ਵਾਂਗ ਨਿਸ਼ਚਿਤ ਸਮੇਂ ਤੇ ਹੀ ਲੈਣੀ ਚਾਹੀਦੀ ਹੈ। ਸਰੀਰ ਵਿਚ ਦਵਾਈ ਦਾ ਸਤਰ ਇਕਸਾਰ ਰੱਖਣ ਲਈ ਦਵਾਈ ਨਿਸ਼ਚਿਤ ਸਮੇਂ ਤੇ ਹੀ ਲਵੋ।
- **ਜੇ ਤੁਹਾਡੇ ਕਿਸੇ ਹੋਰ ਸਿਹਤ ਸੰਭਾਲ ਕਰਨ ਵਾਲੇ ਵੱਲੋਂ ਇਸ ਦਵਾਈ ਦੀ ਸਿਫ਼ਾਰਸ਼ ਕੀਤੀ ਜਾਏ ਤਾਂ ਆਪਣੀ ਟ੍ਰਾਂਸਪਲਾਂਟ ਟੀਮ ਨੂੰ ਦਸੋ। ਇਹ ਦਵਾਈ ਐਂਟੀ-ਰਿਜੈਕਸ਼ਨ ਦਵਾਈਆਂ ਨਾਲ ਪਰਸਪਰ ਪ੍ਰਕਿਰਿਆ ਕਰ ਸਕਦੀ ਹੈ।**

## ਖ਼ੁਰਾਕ ਭੁੱਲ ਗਏ ਜਾਂ ਖ਼ੁਰਾਕ ਉਲਟੀ ਕਰ ਦਿੱਤੀ: Missed Dose or Vomited Dose:

**ਜੇ ਤੁਸੀਂ ਦਵਾਈ ਲੈਣੀ ਭੁੱਲ ਜਾਓ** ਤਾਂ ਜਦੋਂ ਯਾਦ ਆ ਜਾਏ ਖ਼ੁਰਾਕ ਲੈ ਲਵੋ ਅਤੇ ਅਗਲੀ ਖ਼ੁਰਾਕ ਨਿਸ਼ਚਿਤ ਸਮੇਂ ਤੇ ਹੀ ਲਵੋ। ਜੇ ਸਮਾਂ 12 ਘੰਟਿਆਂ ਤੋਂ ਵੱਧ ਲੰਘ ਗਿਆ ਹੈ ਤਾਂ ਖ਼ੁਰਾਕ ਨਾ ਲਵੋ ਅਤੇ ਅਗਲੀ ਖ਼ੁਰਾਕ ਆਪਣੇ ਸਮੇਂ ਸਿਰ ਲੈ ਲਵੋ। ਦੂਗਣੀ ਜਾਂ ਵਾਧੂ ਖ਼ੁਰਾਕਾਂ ਨਾ ਲਵੋ।

**ਜੇ** ਖ਼ੁਰਾਕ ਲੈਣ ਤੋਂ 30 ਮਿੰਟਾਂ ਅੰਦਰ **ਉਲਟੀ ਕਰੋ** ਜਾਂ ਉਲਟੀ ਵਿਚ ਕੁੱਝ ਦਵਾਈ ਦੇਖੋ ਤਾਂ ਖ਼ੁਰਾਕ ਦੁਬਾਰਾ ਲੈ ਲਵੋ। ਨਹੀਂ ਤਾਂ ਅਗਲੀ ਖ਼ੁਰਾਕ ਨਿਸ਼ਚਿਤ ਸਮੇਂ ਤੇ ਲਵੋ।

## ਇਸ ਦਵਾਈ ਦੇ ਸੰਭਾਵਿਤ ਬੁਰੇ ਪ੍ਰਭਾਵ ਕੀ ਹਨ? What are some possible side effects of this medication?

| *ਬੁਰੇ ਪ੍ਰਭਾਵ Side Effect* | ਇਲਾਜ Management |
|---|---|
| *ਪੇਟ ਖ਼ਰਾਬ, ਦਿਲ ਕੱਚਾ ਹੋਣਾ* | ਦਵਾਈ ਖਾਣੇ ਜਾਂ ਦੁੱਧ ਨਾਲ ਲਵੋ। |
| *ਦਸਤ ਲੱਗਣੇ* | ਆਪੇ ਠੀਕ ਹੋ ਜਾਣਗੇ ਪਰ ਜੇ ਲੱਛਣ ਜਾਰੀ ਰਹਿਣ ਤਾਂ ਆਪਣੇ ਡਾਕਟਰ ਨੂੰ ਦਸੋ। |
| *ਸਿਰ ਦਰਦ* | ਆਪੇ ਠੀਕ ਹੋ ਜਾਏਗੀ; ਤੁਹਾਡਾ ਡਾਕਟਰ ਕਾਊਂਟਰ ਤੇ ਮਿਲਣ ਵਾਲੀ ਦਰਦ ਹਟਾਉਣ ਲਈ ਦਵਾਈ ਦੀ ਸਿਫ਼ਾਰਸ਼ ਕਰ ਸਕਦਾ ਹੈ। |
| *ਜਿਗਰ ਦਾ ਅਸਾਧਾਰਨ ਫ਼ੰਕਸ਼ਨ* | ਜੇ ਇਨ੍ਹਾਂ ਵਿਚੋਂ ਕੋਈ ਲੱਛਣ ਨਜ਼ਰ ਆਏ ਤਾਂ ਆਪਣੇ ਡਾਕਟਰ ਨੂੰ ਇੱਕ ਦਮ ਦਸੋ: ਚਮੜੀ ਜਾਂ ਅੱਖਾਂ ਦਾ ਰੰਗ ਪੀਲਾ ਹੋ ਜਾਏ, ਪੇਟ ਵਿਚ ਦਰਦ, ਗੂੜ੍ਹੇ ਰੰਗ ਦਾ ਪਿਸ਼ਾਬ ਜਾਂ ਪੀਲ਼ੇ ਰੰਗ ਦੀ ਟੱਟੀ। |